# ਹੈਪਾਟਾਈਟਿਸ ਏ ਵੈਕਸੀਨ
# Hepatitis A Vaccine

ਕੈਨੇਡਾ ਵਿਚ ਪਿਛਲੇ 50 ਸਾਲਾਂ ਦੌਰਾਨ ਇਮਿਊਨਾਇਜ਼ੇਸ਼ਨ ਨੇ ਸਿਹਤ ਦੇ ਕਿਸੇ ਵੀ ਹੋਰ ਉਪਾਅ ਨਾਲੋਂ ਵਧੇਰੇ ਜਾਨਾਂ ਬਚਾਈਆਂ ਹਨ।

## ਹੈਪਾਟਾਈਟਿਸ ਏ ਵੈਕਸੀਨ ਕੀ ਹੈ?

ਹੈਪਾਟਾਈਟਿਸ ਏ ਵੈਕਸੀਨ ਹੈਪਾਟਾਈਟਿਸ ਏ ਵਾਇਰਸ ਤੋਂ ਹੋਣ ਵਾਲੀ ਇਨਫੈਕਸ਼ਨ ਤੋਂ ਬਚਾਅ ਕਰਦਾ ਹੈ। ਵੈਕਸੀਨ ਹੈੱਲਥ ਕੈਨੇਡਾ ਵੱਲੋਂ ਪ੍ਰਵਾਨਿਤ ਹੈ।

## ਕਿਸ ਨੂੰ ਹੈਪਾਟਾਈਟਿਸ ਏ ਵੈਕਸੀਨ ਲਵਾਉਣਾ ਚਾਹੀਦਾ ਹੈ?

ਵੈਕਸੀਨ 6 ਮਹੀਨੇ ਅਤੇ ਇਸ ਤੋਂ ਵੱਡੀ ਉਮਰ ਵਾਲਿਆਂ ਨੂੰ ਦੋ ਖ਼ੁਰਾਕਾਂ ਜਾਂ ਟੀਕਿਆਂ ਦੀ ਸ਼ਕਲ 'ਚ ਦਿੱਤਾ ਜਾਂਦਾ ਹੈ। ਦੂਜੀ ਖ਼ੁਰਾਕ ਪਹਿਲੀ ਖ਼ੁਰਾਕ ਤੋਂ ਘੱਟੋ ਘੱਟ 6 ਮਹੀਨੇ ਬਾਅਦ ਦਿੱਤੀ ਜਾਂਦੀ ਹੈ।

ਪਿਛਲੇ 15 ਸਾਲਾਂ ਦੌਰਾਨ ਬੀ.ਸੀ. ਦੇ ਆਦਿਵਾਸੀ ਲੋਕਾਂ ਵਿਚ ਹੈਪਾਟਾਈਟਿਸ ਦੇ ਬਾਰ ਬਾਰ ਹਮਲੇ ਕਾਰਨ, 1 ਜਨਵਰੀ 2012 ਤੋਂ ਰਿਜ਼ਰਵ ਜਗ੍ਹਾ ਵਿਚ ਰਹਿਣ ਵਾਲੇ ਅਤੇ ਰਿਜ਼ਰਵ ਜਗ੍ਹਾ ਤੋਂ ਬਾਹਰ ਰਹਿਣ ਵਾਲੇ ਆਦਿਵਾਸੀ ਬੱਚਿਆਂ ਨੂੰ ਹੈਪਾਟਾਈਟਿਸ ਏ ਵੈਕਸੀਨ ਦਿੱਤਾ ਜਾਂਦਾ ਹੈ।

ਹੇਠ ਲਿਖੇ ਲੋਕਾਂ ਸਮੇਤ ਇਨਫੈਕਸ਼ਨ ਹੋਣ ਦੇ ਜ਼ਿਆਦਾ ਖਤਰੇ ਵਾਲੇ ਲੋਕਾਂ ਨੂੰ ਹੈਪਾਟਾਈਟਿਸ ਏ ਵੈਕਸੀਨ ਮੁਫਤ ਦਿੱਤਾ ਜਾਂਦਾ ਹੈ:

- ਜਿਨ੍ਹਾਂ ਨੂੰ ਹੀਮੋਫੀਲੀਆ ਹੈ ਜਾਂ ਜਿਨ੍ਹਾਂ ਨੂੰ ਬਾਰ ਬਾਰ ਖ਼ੂਨ ਜਾਂ ਖ਼ੂਨ ਦੇ ਪਦਾਰਥ ਚੜ੍ਹਾਏ ਜਾਂਦੇ ਹੋਣ
- ਜੋ ਡਰੱਗ ਦੇ ਟੀਕੇ ਲਾਉਂਦੇ ਜਾਂ ਡਰੱਗ ਨੱਕ ਰਾਹੀਂ, ਸਿਗਰਟ ਪੀਣ ਰਾਹੀਂ ਜਾਂ ਟੀਕਾ ਲਗਵਾਉਣ ਦਾ ਸਾਜ਼-ਸਮਾਨ ਸਾਂਝਾਂ ਕਰਦੇ ਹੋਣ
- ਪੁਰਸ਼, ਜਿਹੜੇ ਹੋਰ ਪੁਰਸ਼ਾਂ ਨਾਲ ਸੈਕਸ ਕਰਦੇ ਹੋਣ
- ਜਿਨ੍ਹਾਂ ਨੂੰ ਐਚ ਆਈ ਵੀ, ਹੈਪਾਟਾਈਟਿਸ ਬੀ. ਜਾਂ ਹੈਪਾਟਾਈਟਿਸ ਸੀ. ਦੀ ਇਨਫੈਕਸ਼ਨ ਜਾਂ ਜਿਗਰ ਦੀ ਪੁਰਾਣੀ ਬੀਮਾਰੀ ਹੋਵੇ
- ਜਿਨ੍ਹਾਂ ਦੀ ਬੋਨ ਮੈਰੋ ਜਾਂ ਸਟੈੱਮ ਸੈੱਲ ਬਦਲਿਆ ਗਿਆ ਹੋਵੇ
- ਜਿਨ੍ਹਾਂ ਦਾ ਜਿਗਰ ਬਦਲਿਆ ਜਾਣਾ ਹੈ ਜਾਂ ਬਦਲਿਆ ਗਿਆ ਹੈ
- ਜੇਲ੍ਹ ਵਿਚ ਰਹਿਣ ਵਾਲੇ
- ਹੈਪਾਟਾਈਟਿਸ ਏ ਦੀ ਇਨਫੈਕਸ਼ਨ ਵਾਲੇ ਵਿਅਕਤੀ ਦੇ ਨਿਕਟ ਸੰਪਰਕ ਵਾਲੇ। ਜਿਵੇਂ ਕਿ ਇਕ ਹੀ ਘਰ 'ਚ ਰਹਿਣ ਵਾਲੇ ਲੋਕ, ਸੈਕਸ ਸਾਥੀ, ਗੂੜ੍ਹੇ ਮਿੱਤਰ, ਇਕ ਹੀ ਡੇ-ਕੇਅਰ ਦੇ ਬੱਚੇ।
- ਜਿਨ੍ਹਾਂ ਨੇ ਹੈਪਾਟਾਈਟਿਸ ਏ ਦੀ ਇਨਫੈਕਸ਼ਨ ਵਾਲੇ ਕਿਸੇ ਭੋਜਨ ਬਣਾਉਣ/ਵਰਤਾਉਣ ਵਾਲੇ ਕੋਲੋਂ ਭੋਜਨ ਖਾਧਾ ਹੋਵੇ।
- ਆਦਿਵਾਸੀ ਬੱਚੇ ਅਤੇ 6 ਮਹੀਨਿਆਂ ਤੋਂ 18 ਸਾਲ ਦੀ ਉਮਰ ਦੇ ਕਿਸ਼ੋਰ। ਛੋਟੇ ਬੱਚਿਆਂ ਨੂੰ ਪਹਿਲੀ ਖ਼ੁਰਾਕ 6 ਮਹੀਨਿਆਂ ਦੀ ਉਮਰ ਵਿਚ ਅਤੇ ਦੂਜੀ ਖ਼ੁਰਾਕ 18 ਮਹੀਨਿਆਂ ਦੀ ਉਮਰ ਵਿਚ ਦਿੱਤੀ ਜਾਂਦੀ ਹੈ। ਵੱਢੇ ਬੱਚਿਆਂ ਨੂੰ ਵੈਕਸੀਨ ਦੀਆਂ 2 ਖ਼ੁਰਾਕਾਂ ਦੀ 6 ਮਹੀਨਿਆਂ ਦੇ ਫ਼ਰਕ ਨਾਲ ਜ਼ਰੂਰਤ ਹੁੰਦੀ ਹੈ।

ਜੇ ਕਰ ਤੁਸੀਂ ਹੈਪਾਟਾਈਟਿਸ ਏ ਨਾਲ ਸੰਭਵ ਤੌਰ ਤੇ ਪਰਭਾਵਤ ਹੋਏ ਹੋ ਤਾਂ ਬਿਮਾਰੀ ਨੂੰ ਰੋਕਣ ਲਈ ਪਰਭਾਵਤ ਹੋਣ ਦੇ 14 ਦਿਨਾਂ ਦੇ ਅੰਦਰ ਤੁਹਾਨੂੰ ਵੈਕਸੀਨ ਦੀ ਇੱਕ ਖ਼ੁਰਾਕ ਲੈਣੀ ਚਾਹੀਦੀ ਹੈ।

ਹੇਠਾਂ ਲਿਖੇ ਲੋਕਾਂ ਸਮੇਤ ਇਸ ਵੈਕਸੀਨ ਦੀ ਸਿਫਾਰਸ਼ ਹੈਪਾਟਾਈਟਿਸ ਏ ਵਾਇਰਸ ਦੇ ਸੰਪਰਕ 'ਚ ਆਉਣ ਜਾਂ ਫੈਲਾਉਣ ਦੀ ਸੰਭਾਵਨਾ ਵਾਲੇ ਲੋਕਾਂ ਨੂੰ ਵੀ ਕੀਤੀ ਜਾਂਦੀ ਹੈ, ਪਰ ਇਨ੍ਹਾਂ ਨੂੰ ਇਹ ਵੈਕਸੀਨ ਮੁਫ਼ਤ ਨਹੀਂ ਦਿੱਤਾ ਜਾਂਦਾ:

- ਵਿਕਾਸਸ਼ੀਲ ਮੁਲਕਾਂ ਵਿਸ਼ੇਸ਼ ਕਰ ਪੇਂਡੂ ਖੇਤਰਾਂ 'ਚ ਰਹਿ ਰਹੇ, ਕੰਮ ਕਰ ਰਹੇ ਜਾਂ ਸਫਰ ਕਰ ਰਹੇ ਲੋਕ
- ਭੋਜਨ ਬਣਾਉਣ/ਵਰਤਾਉਣ ਵਾਲੇ ਲੋਕ
- ਜਿਨ੍ਹਾਂ ਦੇ ਕਈ ਸੈਕਸ ਸਾਥੀ ਹੋਣ
- ਹੈਪਾਟਾਈਟਿਸ ਏ ਦੀ ਇਨਫੈਕਸ਼ਨ ਦੀ ਸਮੱਸਿਆ ਕਾਰਨ ਘੱਟ ਵਿਕਸਤ ਲੋਕਾਂ ਲਈ ਬਣੀਆਂ ਸੰਸਥਾਵਾਂ ਦੇ ਵਾਸੀ ਅਤੇ ਸਟਾਫ਼
- ਚਿੜੀਆ ਘਰ ਦੇ ਰਖਵਾਲੇ, ਵੈਟਰਨਰੀ ਡਾਕਟਰ ਅਤੇ ਖੋਜ-ਕਰਤਾ ਜਿਹੜੇ ਜਾਨਵਰਾਂ ਦੇ ਸੰਪਰਕ 'ਚ ਆਉਂਦੇ ਹੋਣ
- ਜੋ ਲੋਕ ਹੈਪਾਟਾਈਟਿਸ ਏ ਵਾਇਰਸ ਸਬੰਧੀ ਖੋਜ 'ਚ ਜਾਂ ਹੈਪਾਟਾਈਟਿਸ ਏ ਵੈਕਸੀਨ ਦੇ ਉਦਪਾਤਦਨ 'ਚ ਸ਼ਾਮਲ ਹੋਣ।

ਲਈਆਂ ਗਈਆਂ ਸਾਰੀਆਂ ਇਮਿਊਨਾਇਜ਼ੇਸ਼ਨਾਂ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈ।

## ਹੈਪਾਟਾਈਟਿਸ ਏ ਵੈਕਸੀਨ ਦੇ ਫਾਇਦੇ

ਇਹ ਵੈਕਸੀਨ ਹੈਪਾਟਾਈਟਿਸ ਏ ਦੀ ਇਨਫੈਕਸ਼ਨ ਤੋਂ ਬਚਾਅ ਦਾ ਸਭ ਤੋਂ ਉੱਤਮ ਤਰੀਕਾ ਹੈ।

ਜਦੋਂ ਤੁਸੀਂ ਵੈਕਸੀਨ ਲਵਾ ਲੈਂਦੇ ਹੋ ਤਾਂ ਤੁਸੀਂ ਦੂਜਿਆਂ ਦੇ ਬਚਾਅ ਵਿਚ ਵੀ ਮਦਦ ਕਰਦੇ ਹੋ।

## ਵੈਕਸੀਨ ਤੋਂ ਬਾਅਦ ਸੰਭਵ ਰੀਐਕਸ਼ਨ

ਵੈਕਸੀਨ ਬਹੁਤ ਸੁਰੱਖਿਅਤ ਹਨ। ਹੈਪਾਟਾਈਟਿਸ ਏ ਦੇ ਹੋਣ ਨਾਲੋਂ ਇਹ ਵੈਕਸੀਨ ਲਵਾ ਲੈਣਾ ਕਿਤੇ ਵਧੇਰੇ ਸੁਰੱਖਿਅਤ ਹੈ।

ਜਿਸ ਥਾਂ ਲੋਦਾ ਲੱਗਿਆ ਹੋਵੇ ਉਸ ਥਾਂ ਦਾ ਦੁਖਣਾ, ਲਾਲ ਹੋਣਾ ਅਤੇ ਸੋਜ ਪੈਣਾ ਵੈਕਸੀਨ ਦੇ ਆਮ ਰੀਐਕਸ਼ਨਾਂ 'ਚ ਸ਼ਾਮਲ ਹੋ ਸਕਦੇ ਹਨ। ਵੈਕਸੀਨ ਲੈਣ ਮਗਰੋਂ ਸਿਰ ਦਰਦ, ਥਕਾਵਟ, ਬੁਖ਼ਾਰ ਅਤੇ ਮਿਹਦੇ ਦੀ ਗੜਬੜ ਵੀ ਹੋ ਸਕਦੀ ਹੈ। ਇਹ ਰੀਐਕਸ਼ਨ ਹਲਕੇ ਹੁੰਦੇ ਹਨ ਅਤੇ ਆਮ ਕਰਕੇ 1 ਤੋਂ 2 ਦਿਨਾਂ ਤੱਕ ਰਹਿੰਦੇ ਹਨ।

> ਐਸੀਟਾਮੀਨੋਫ਼ੇਨ (Acetaminophen) ਜਾਂ ਟੈਲੀਨੋਲ (Tylenol®) ਬੁਖ਼ਾਰ ਲਈ ਅਤੇ ਦੁਖ਼ਣ ਤੋਂ ਦਿੱਤੀ ਜਾ ਸਕਦੀ ਹੈ। ASA ਜਾਂ ਐਸਪ੍ਰੀਨ (Aspirin®) ਰਾਈ ਸਿੰਡਰੋਮ ਦੇ ਖ਼ਤਰੇ ਕਾਰਨ 20 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

ਕੋਈ ਵੀ ਵੈਕਸੀਨ ਲੈਣ ਤੋਂ ਬਾਅਦ 15 ਮਿੰਟ ਕਲੀਨਿਕ ਵਿਚ ਰੁਕਣਾ ਮਹੱਤਵਪੂਰਨ ਹੈ ਕਿਉਂਕਿ ਭਾਵੇਂ ਬੇਹੱਦ ਹੀ ਘੱਟ, ਇੱਕ ਜਾਨ ਦੇ ਖ਼ਤਰੇ ਵਾਲੀ ਐਲਰਜੀ ਦੇ ਰੀਐਕਸ਼ਨ ਦੀ ਸੰਭਾਵਨਾ ਹੁੰਦੀ ਹੈ, ਜਿਸ ਨੂੰ ਐਨਾਫਾਇਲੈਕਸਿਸ ਕਿਹਾ ਜਾਂਦਾ ਹੈ। ਇਸ ਨਾਲ ਛਪਾਕੀ, ਸਾਹ ਲੈਣ ਵਿਚ ਤਕਲੀਫ਼ ਜਾਂ ਗਲੇ, ਜੀਭ ਜਾਂ ਬੁੱਲ੍ਹਾਂ ਦੀ ਸੋਜ ਹੋ ਸਕਦੀ ਹੈ। ਜੇ ਕਰ ਇੰਜ ਕਲੀਨਿਕ ਵਿਚੋਂ ਜਾਣ ਤੋਂ ਬਾਅਦ ਹੁੰਦਾ ਹੈ ਤਾਂ 911 ਜਾਂ ਸਥਾਨਕ ਐਮਰਜੈਂਸੀ ਨੰਬਰ 'ਤੇ ਫ਼ੋਨ ਕਰੋ। ਇਸ ਰੀਐਕਸ਼ਨ ਦਾ ਇਲਾਜ ਹੋ ਸਕਦਾ ਹੈ ਅਤੇ ਵੈਕਸੀਨ ਲੈਣ ਵਾਲੇ ਦਸ ਲੱਖ ਲੋਕਾਂ ਵਿਚੋਂ ਇੱਕ ਤੋਂ ਵੀ ਘੱਟ ਜਣੇ ਨੂੰ ਹੁੰਦਾ ਹੈ।

ਗੰਭੀਰ ਜਾਂ ਅਚਨਚੇਤ ਰੀਐਕਸ਼ਨਾਂ ਦੀ ਰਿਪੋਰਟ ਹਮੇਸ਼ਾਂ ਆਪਣੇ ਸਿਹਤ ਸੰਭਾਲ ਪਰਦਾਨ ਕਰਨ ਵਾਲੇ ਨੂੰ ਕਰੋ।

## ਕਿਸ ਨੂੰ ਵੈਕਸੀਨ ਨਹੀਂ ਲਵਾਉਣਾ ਚਾਹੀਦਾ?

ਝੇ ਕਰ ਤੁਹਾਨੂੰ ਹੈਪਾਟਾਈਟਿਸ ਏ ਵੈਕਸੀਨ ਜਾਂ ਵੈਕਸੀਨ ਵਿਚਲੇ ਕਿਸੇ ਅੰਸ਼ ਦੀ ਕਿਸੇ ਪਹਿਲਾਂ ਦਿੱਤੀ ਖ਼ੁਰਾਕ ਜਾਂ, ਨੀਓਮਾਈਸਿਨ, ਲੇਟੈਕਸ (Latex) ਨਾਲ ਜਾਨ ਦੇ ਖ਼ਤਰੇ ਵਾਲਾ ਰੀਐਕਸ਼ਨ ਹੋਇਆ ਹੋਵੇ ਤਾਂ ਆਪਣੇ ਸਿਹਤ ਸੰਭਾਲ ਪਰਦਾਨ ਕਰਨ ਵਾਲੇ ਨਾਲ ਗੱਲ ਕਰੋ।

## ਹੈਪਾਟਾਈਟਿਸ ਏ ਕੀ ਹੈ?

ਹੈਪਾਟਾਈਟਿਸ ਏ ਇਕ ਵਾਇਰਸ ਹੈ ਜਿਹੜਾ ਜਿਗਰ 'ਤੇ ਹਮਲਾ ਕਰਦਾ ਹੈ। 1000 ਲੋਕਾਂ 'ਚੋਂ ਜਿਨ੍ਹਾਂ ਨੂੰ ਇਨਫ਼ੈਕਸ਼ਨ ਹੁੰਦੀ ਹੈ, 1 ਤੋਂ 3 ਜਣੇ ਮਰ ਜਾਂਦੇ ਹਨ। ਮੌਤ ਦੀ ਦਰ 50 ਸਾਲ ਜਾਂ ਇਸ ਤੋਂ ਵਡੇਰੀ ਉਮਰ ਦੇ ਲੋਕਾਂ 'ਚ ਵਧੇਰੇ ਹੁੰਦੀ ਹੈ।

ਹੈਪਾਟਾਈਟਿਸ ਏ ਵਾਇਰਸ ਇਨਫ਼ੈਕਸ਼ਨ ਵਾਲੇ ਲੋਕਾਂ ਦੇ ਮਲ-ਤਿਆਗ (ਟੱਟੀ) 'ਚ ਮਿਲਦਾ ਹੈ। ਹੈਪਾਟਾਈਟਿਸ ਏ ਦੀ ਇਨਫੈਕਸ਼ਨ ਵਾਲੇ ਲੋਕ ਜੋ ਚੰਗੀ ਤਰ੍ਹਾਂ ਹੱਥ ਧੋਣ 'ਤੋਂ ਬਿਨਾਂ ਬਾਥਰੂਮ ਦੀ ਵਰਤੋਂ ਕਰਦੇ ਹਨ, ਉਹ ਭੋਜਨ ਬਣਾਉਣ ਨਾਲ ਇਹ ਵਾਇਰਸ ਦੂਜਿਆਂ ਤੱਕ ਪਹੁੰਚਾ ਸਕਦੇ ਹਨ ਜਾਂ ਹੋਰ ਲੋਕਾਂ ਵਿਚ ਹੱਥ-ਮੂੰਹ ਦੇ ਸੰਪਰਕ ਨਾਲ। ਸੈਕਸ ਸਬੰਧਾਂ ਜਾਂ ਡਰੱਗ ਲੈਣ ਲਈ ਵਰਤੇ ਜਾਂਦੇ ਸਾਜ਼-ਸਮਾਨ ਜਿਵੇਂ ਸੂਈਆਂ ਜਾਂ ਪਾਈਪਾਂ ਨੂੰ ਸਾਂਝਿਆਂ ਕਰਨ ਨਾਲ ਵੀ ਬਿਮਾਰੀ ਫੈਲ ਸਕਦੀ ਹੈ।

ਹੈਪਾਟਾਈਟਿਸ ਏ ਪਰਦੂਸ਼ਤ ਹੋਏ ਪਾਣੀ ਨੂੰ ਪੀਣ ਨਾਲ ਜਾਂ ਕੱਚੇ ਜਾਂ ਘੱਟ ਪਕਾਏ ਸ਼ੈੱਲਫ਼ਿਸ਼ ਜਿਵੇਂ ਕੇਕੜੇ, ਘੋਗਾ ਮੱਛੀਆਂ, ਸਿੱਪੀਆਂ ਜਾਂ ਸਿੱਪਦਾਰ ਮੱਛੀਆਂ, ਜਿਹੜੀਆਂ ਮਲ-ਮੂਤਰ ਨਾਲ ਪਰਦੂਸ਼ਤ ਹੋਈਆਂ ਹੋਣ, ਨੂੰ ਖਾਣ ਨਾਲ ਵੀ ਫੈਲ ਸਕਦਾ ਹੈ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਪੇ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਨਾਬਾਲਗ ਬੱਚੇ ਇਮਿਊਨਾਇਜ਼ੇਸ਼ਨ ਦੀ ਸਹਿਮਤੀ ਬਾਰੇ ਪਹਿਲਾਂ ਗੱਲਬਾਤ ਕਰ ਲੈਣ। ਇਮਿਊਨਾਈਜ਼ੇਸ਼ਨ ਤੋਂ ਪਹਿਲਾਂ ਮਾਪਿਆਂ/ ਸਰਪ੍ਰਸਤਾਂ ਜਾਂ ਪ੍ਰਤੀਨਿਧਾਂ ਦੀ ਸਹਿਮਤੀ ਲੈਣ ਲਈ ਯਤਨ ਕੀਤੇ ਜਾਂਦੇ ਹਨ। ਪਰ ਫਿਰ ਵੀ 19 ਸਾਲ ਤੋਂ ਘੱਟ ਉਮਰ ਦੇ ਬੱਚੇ ਜਿਹੜੇ ਹਰ ਇੱਕ ਵੈਕਸੀਨ ਦੇ ਫਾਇਦਿਆਂ ਅਤੇ ਸੰਭਵ ਰੀਐਕਸ਼ਨਾਂ ਨੂੰ ਸਮਝਣ ਦੇ ਯੋਗ ਹੋਣ ਅਤੇ ਵੈਕਸੀਨ ਨਾ ਲਵਾਉਣ ਦੇ ਖ਼ਤਰੇ ਨੂੰ ਸਮਝਦੇ ਹੋਣ ਉਹ ਕਾਨੂੰਨੀ ਤੌਰ ਤੇ ਇਮਿਊਨਾਇਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਇਨਕਾਰ ਕਰ ਸਕਦੇ ਹਨ।

ਇਮਿਊਨਾਈਜ਼ੇਸ਼ਨ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਇਮਿਊਨਾਈਜ਼ ਬੀ.ਸੀ. ਦੀ ਵੈੱਬਸਾਈਟ www.immunizebc.ca. ਦੇਖੋ।

> ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles/index.stm ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।
>
> ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca 'ਤੇ ਕਲਿੱਕ ਕਰੋ ਜਾਂ **8-1-1** 'ਤੇ ਫੋਨ ਕਰੋ।
>
> ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ **7-1-1** 'ਤੇ ਫੋਨ ਕਰ ਸਕਦੇ ਹਨ।
>
> ਮੰਗੇ ਜਾਣ 'ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।

British Columbia ImmunizeBC

BC Centre for Disease Control
AN AGENCY OF THE PROVINCIAL HEALTH SERVICES AUTHORITY